# ਮੌਡਿਊਲ 3 – ਨਾੜ ਰਾਹੀਂ ਪਹੁੰਚ
# Module 3 – Your Vascular Access

## ਨਾੜ ਰਾਹੀਂ ਪਹੁੰਚ ਕੀ ਹੁੰਦੀ ਹੈ? What is a vascular access?


***ਨਾੜੀਆਂ ਰਾਹੀਂ ਪਹੁੰਚ*** ਸਿਹਤ ਸੰਭਾਲ ਟੀਮ ਵਾਸਤੇ ਤੁਹਾਡੇ ਖ਼ੂਨ ਦੇ ਪ੍ਰਵਾਹ ਤਕ ਵਾਰ-ਵਾਰ ਪਹੁੰਚ ਕਰਨ ਦਾ ਇੱਕ ਤਰੀਕਾ ਹੈ। ਹਰ ਵਾਰ ਜਦੋਂ ਤੁਹਾਡਾ ਹੀਮੋਡਾਇਐਲਿਸਿਸ ਟ੍ਰੀਟਮੈਂਟ ਹੁੰਦਾ ਹੈ ਤਾਂ ਇਸ ਪਹੁੰਚ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਸ ਨੂੰ ਇੱਕ ਟਿਊਬ ਰਾਹੀਂ ਡਾਇਐਲਿਸਿਸ ਮਸ਼ੀਨ ਨਾਲ ਜੋੜਿਆ ਜਾਂਦਾ ਹੈ। ਇੱਕ ਟਿਊਬ ਖ਼ੂਨ ਨੂੰ ਡਾਇਐਲਿਸਿਸ ਮਸ਼ੀਨ ਦੇ ਅੰਦਰ ਲੈ ਜਾਂਦੀ ਹੈ ਜਿੱਥੇ ਇਸ ਖ਼ੂਨ ਨੂੰ ਸਾਫ਼ ਕੀਤਾ ਜਾਂਦਾ ਹੈ। ਇੱਕ ਹੋਰ ਟਿਊਬ ਸਾਫ਼ ਖ਼ੂਨ ਨੂੰ ਤੁਹਾਡੇ ਸਰੀਰ ਵਿੱਚ ਵਾਪਸ ਭੇਜਦੀ ਹੈ। ਤੁਹਾਡੇ ਸਰੀਰ ਤੋਂ ਡਾਇਐਲਿਸਿਸ ਮਸ਼ੀਨ ਤੱਕ ਖ਼ੂਨ ਨੂੰ ਲਿਜਾਣ ਦੀ ਇਹ ਪ੍ਰਕਿਰਿਆ ਡਾਇਐਲਿਸਿਸ ਦੌਰਾਨ ਕਈ ਵਾਰ ਦੁਹਰਾਈ ਜਾਂਦੀ ਹੈ।

ਨਾੜੀਆਂ ਰਾਹੀਂ ਪਹੁੰਚ ਦੀਆਂ ਤਿੰਨ ਕਿਸਮਾਂ ਹਨ:

- ਫਿਸਟੁਲਾ
- ਗ੍ਰਾਫ਼ਟ
- ਕੈਥੇਟਰ

ਨਾੜ ਰਾਹੀਂ ਬਣਾਈ ਇਸ ਪਹੁੰਚ ਦੀ ਦੇਖਭਾਲ ਕਿਵੇਂ ਕਰਨੀ ਹੈ ਇਸ ਬਾਰੇ ਸਮਝਣਾ ਅਤੇ ਜਾਣਨਾ ਤੁਹਾਡੇ ਹੀਮੋਡਾਇਐਲਿਸਿਸ ਟ੍ਰੀਟਮੈਂਟਾਂ ਅਤੇ ਸਮੁੱਚੀ ਸਿਹਤ ਦੀ ਲੰਬੀ-ਮਿਆਦ ਦੀ ਸਫਲਤਾ ਵਾਸਤੇ ਮਹੱਤਵਪੂਰਨ ਹੈ।

## ਫਿਸਟੁਲਾ Fistula



### ਫਿਸਟੁਲਾ ਕੀ ਹੁੰਦਾ ਹੈ? What is a fistula?

***ਫਿਸਟੁਲਾ*** ਨਾੜੀਆਂ ਤਕ ਇੱਕ ਕਿਸਮ ਦੀ ਪਹੁੰਚ ਹੈ ਜੋ ਤੁਹਾਡੀਆਂ ਆਪਣੀਆਂ ਧਮਣੀਆਂ ਅਤੇ ਨਸਾਂ ਦੀ ਵਰਤੋਂ ਕਰਦੀ ਹੈ। ਇੱਕ ਸਰਜਨ ਛੋਟੇ ਚੀਰੇ ਬਣਾਉਂਦਾ ਹੈ ਅਤੇ ਫਿਰ ਚਮੜੀ ਹੇਠਾਂ ਕਿਸੇ ਇੱਕ

ਧਮਣੀ ਨੂੰ ਕਿਸੇ ਇੱਕ ਨਸ ਨਾਲ ਜੋੜ ਦਿੰਦਾ ਹੈ। ਤੁਹਾਡੀਆਂ ਧਮਣੀਆਂ ਵਿੱਚ ਖ਼ੂਨ ਦਾ ਪ੍ਰਵਾਹ ਮਜ਼ਬੂਤ ਹੁੰਦਾ ਹੈ, ਅਤੇ ਧਮਣੀ ਅਤੇ ਨਸ ਨੂੰ ਨਾਲ ਮਿਲਾ ਕੇ ਖ਼ੂਨ ਦਾ ਪ੍ਰਵਾਹ ਮਜ਼ਬੂਤ ਹੁੰਦਾ ਹੈ। ਤੁਸੀਂ ਇਸ ਨੂੰ ਦੋ ਨਦੀਆਂ ਦੇ ਆਪਸ ਵਿੱਚ ਮਿਲਣ ਵਾਂਗ ਸਮਝ ਸਕਦੇ ਹੋ। ਇਸ ਨਵੀਂ ਨਸ/ਧਮਣੀ ਨੂੰ ਫਿਸਟੁਲਾ ਕਿਹਾ ਜਾਂਦਾ ਹੈ। ਖ਼ੂਨ ਦੇ ਤੇਜ਼ ਵਹਾਅ ਕਾਰਨ ਫਿਸਟਿਊਲਾ ਵੱਡਾ ਹੋ ਜਾਂਦਾ ਹੈ। ਇੱਕ ਵਾਰੀ ਜਦੋਂ ਤੁਹਾਡੀ ਫਿਸਟਿਊਲਾ ਠੀਕ ਹੋ ਜਾਂਦੀ ਹੈ, ਤਾਂ ਡਾਇਐਲਿਸਿਸ ਵਾਸਤੇ ਇਸ ਵੱਡੇ ਛੇਟ – ਤੁਹਾਡੀ ਫਿਸਟਿਊਲਾ – ਵਿੱਚ ਦੋ ਸੂਈਆਂ ਦਾਖਲ ਕੀਤੀਆਂ ਜਾਣਗੀਆਂ।

## ਮੈਂ ਆਪਣੀ ਸਰਜਰੀ ਤੋਂ ਕੀ ਉਮੀਦ ਕਰ ਸਕਦਾ ਹਾਂ? What can I expect from my surgery?

ਕਈ ਹਾਲਾਤ ਵਿੱਚ ਫਿਸਟੁਲਾ ਬਣਾਉਣ ਲਈ ਲੋੜੀਂਦੀ ਸਰਜਰੀ ਇੱਕ ਦਿਨ ਦੀ ਪ੍ਰਕਿਰਿਆ ਵਜੋਂ ਕੀਤੀ ਜਾਂਦੀ ਹੈ। ਇਸ ਦਾ ਮਤਲਬ ਇਹ ਹੈ ਕਿ ਤੁਹਾਨੂੰ ਹਸਪਤਾਲ ਵਿੱਚ ਰਾਤ ਨਹੀਂ ਗੁਜ਼ਾਰਨੀ ਪੈਂਦੀ।

ਆਮ ਤੌਰ 'ਤੇ ਸਰਜਨ ਵੱਲੋਂ ਤੁਹਾਡੀ ਉਸ ਬਾਂਹ ਦੀ ਫੋਰਆਰਮ ਵਿੱਚ ਫਿਸਟੁਲਾ ਬਣਾਇਆ ਜਾਵੇਗਾ ਜਿਹੜੀ ਬਾਂਹ ਤੁਸੀਂ ਘੱਟ ਇਸਤੇਮਾਲ ਕਰਦੇ ਹੋ। ਭਾਵ ਕਿ ਜੇ ਤੁਸੀਂ ਸੁਭਾਵਕ ਤੌਰ ’ਤੇ ਸੱਜਾ ਹੱਥ ਜ਼ਿਆਦਾ ਵਰਤਦੇ ਹੋ ਤਾਂ ਫਿਸਟੁਲਾ ਖੱਬੀ ਬਾਂਹ ਉੱਪਰ ਬਣਾਇਆ ਜਾਵੇਗਾ। ਪਰ, ਹਰ ਕੋਈ ਵੱਖਰਾ ਹੁੰਦਾ ਹੈ। ਕਦੇ ਕਦੇ ਫਿਸਟੁਲਾ ਇੱਥੇ ਦੱਸੀ ਗਈ ਥਾਂ ਤੋਂ ਵੱਖਰੀ ਥਾਂ ’ਤੇ ਬਣਾਇਆ ਜਾਵੇਗਾ।

## ਫਿਸਟੁਲਾ ਸਭ ਤੋਂ ਵਧੀਆ ਪਹੁੰਚ ਕਿਉਂ ਹੈ? Why is a fistula the best access?

ਡਾਇਐਲਿਸਿਸ ਵਾਸਤੇ ਨਾੜੀਆਂ ਤਕ ਪਹੁੰਚ ਕਰ ਲਈ ਫਿਸਟੁਲਾ ਤਰਜੀਹੀ ਵਸੀਲਾ ਹੈ। ਫਿਸਟੁਲਾ ਤੁਹਾਡੇ ਆਪਣੇ ਟਿਸ਼ੂ ਤੋਂ ਬਣੇ ਹੁੰਦੇ ਹਨ, ਇਸ ਲਈ ਉਨ੍ਹਾਂ ਵਿੱਚ ਇਨਫੈਕਸ਼ਨ ਹੋਣ ਦੀਆਂ ਦਰਾਂ ਘੱਟ ਹੁੰਦੀਆਂ ਹਨ, ਅਤੇ ਹੋਰ ਕਿਸਮਾਂ ਦੀਆਂ ਨਾੜੀਆਂ ਵਾਂਗ ਇਨ੍ਹਾਂ ਵਿੱਚ ਖ਼ੂਨ ਇੰਨੀ ਆਸਾਨੀ ਨਾਲ ਨਹੀਂ ਜੰਮਦਾ ਜੋ ਕਿ ਇਨ੍ਹਾਂ ਨੂੰ ਬੰਦ ਕਰ ਸਕੇ।

## ਇਸਤੇਮਾਲ ਲਈ ਤਿਆਰ ਹੋਣ ਵਾਸਤੇ ਮੇਰੇ ਫਿਸਟੁਲਾ ਨੂੰ ਕਿੰਨਾ ਸਮਾਂ ਲੱਗੇਗਾ? How long does it take before I can use my fistula?

ਡਾਇਐਲਿਸਿਸ ਵਾਸਤੇ ਵਰਤੇ ਜਾਣ ਤੋਂ ਪਹਿਲਾਂ ਕਿਸੇ ਫਿਸਟੁਲਾ ਨੂੰ ਠੀਕ ਹੋਣ ਅਤੇ ਆਕਾਰ ਵਿੱਚ ਵਧਣ ਲਈ ਘੱਟੋ ਘੱਟ 6-8 ਹਫਤੇ ਲੱਗਦੇ ਹਨ। ਫਿਸਟੁਲਾ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਪੱਕਣ ਵਿੱਚ ਮਦਦ ਕਰਨ ਲਈ ਤੁਹਾਨੂੰ ਕੁਝ ਸਰਲ ਕਸਰਤਾਂ ਕਰਨ ਲਈ ਕਿਹਾ ਜਾ ਸਕਦਾ ਹੈ ਜਿਵੇਂ ਕਿ ਗੇਂਦ ਨੂੰ ਨਿਚੋੜਨਾ। ਯਕੀਨੀ ਬਣਾਓ ਕਿ 10-14 ਦਿਨਾਂ ਲਈ ***ਟਾਂਕੇ*** ਅਤੇ/ਜਾਂ ਸਟੈਪਲਾਂ ਨੂੰ ਕਾਇਮ ਰੱਖਿਆ ਜਾਵੇ। ਇਸ ਸਮੇਂ ਤੋਂ ਬਾਅਦ ਨਰਸ ਵਲੋਂ ਇਨ੍ਹਾਂ ਨੂੰ ਹਟਾ ਦਿੱਤਾ ਜਾਵੇਗਾ।

## ਗ੍ਰਾਫ਼ਟ Graft



### ਗ੍ਰਾਫ਼ਟ ਕੀ ਹੁੰਦਾ ਹੈ? What is a graft?


***ਗ੍ਰਾਫ਼ਟ*** ਨਾੜੀਆਂ ਤਕ ਇੱਕ ਕਿਸਮ ਦੀ ਪਹੁੰਚ ਹੈ ਜੋ ਲਚਕਦਾਰ ਟਿਊਬਿੰਗ ਦਾ ਇੱਕ ਟੁਕੜਾ ਹੁੰਦਾ ਹੈ ਜਿਸ ਨੂੰ ਤੁਹਾਡੀ ਚਮੜੀ ਦੇ ਹੇਠਾਂ ਰੱਖਿਆ ਜਾਂਦਾ ਹੈ ਅਤੇ ਇਸ ਨੂੰ ਕਿਸੇ ਨਸ ਨਾਲ ਜੋੜਨ ਲਈ ਤੁਹਾਡੀ ਧਮਣੀ ਨਾਲ ਟਾਂਕੇ ਲਗਾ ਦਿੱਤੇ ਜਾਂਦੇ ਹਨ।

ਇਸ ਕਿਸਮ ਦੀ ਸਰਜਰੀ ਇੱਕ ਦਿਨ ਦੀ ਪ੍ਰਕਿਰਿਆ ਵਜੋਂ ਕੀਤੀ ਜਾ ਸਕਦੀ ਹੈ, ਜਿਸ ਦਾ ਮਤਲਬ ਇਹ ਹੈ ਕਿ ਤੁਹਾਨੂੰ ਹਸਪਤਾਲ ਵਿੱਚ ਰਾਤ ਨਹੀਂ ਗੁਜ਼ਾਰਨੀ ਪੈਂਦੀ। ਤੁਹਾਨੂੰ ਫਿਸਟੁਲਾ ਦੀ ਬਜਾਏ ਗ੍ਰਾਫ਼ਟ ਕਰਵਾਉਣਾ ਚਾਹੀਦਾ ਹੈ, ਇਹ ਫੈਸਲਾ ਤੁਹਾਡੇ ਸਰਜਨ ਅਤੇ ਤੁਹਾਡੇ ਨੈਫਰੋਲੋਜਿਸਟ ਦੁਆਰਾ ਲਿਆ ਜਾਂਦਾ ਹੈ।

ਗ੍ਰਾਫ਼ਟ ਆਮ ਤੌਰ 'ਤੇ ਤੁਹਾਡੀ ਉਸ ਬਾਂਹ ਵਿੱਚ ਬਣਾਏ ਜਾਂਦੇ ਹਨ ਜਿਸ ਨੂੰ ਤੁਸੀਂ ਸੁਭਾਵਕ ਤੌਰ ’ਤੇ ਜ਼ਿਆਦਾ ਇਸਤੇਮਾਲ ਨਹੀਂ ਕਰਦੇ। ਇਹ ਉਹ ਬਾਂਹ ਹੈ ਜਿਸ ਦੀ ਤੁਸੀਂ ਘੱਟ ਤੋਂ ਘੱਟ ਵਰਤੋਂ ਕਰਦੇ ਹੋ, ਇਸ ਲਈ ਜੇ ਤੁਸੀਂ ਪ੍ਰਮੁੱਖ ਤੌਰ ’ਤੇ ਸੱਜਾ ਹੱਥ ਇਸਤੇਮਾਲ ਕਰਦੇ ਹੋ ਤਾਂ ਗ੍ਰਾਫ਼ਟ ਆਮ ਤੌਰ 'ਤੇ ਤੁਹਾਡੀ ਖੱਬੀ ਬਾਂਹ ਵਿੱਚ ਹੋਵੇਗਾ। ਕਿਉਂਕਿ ਹਰ ਮਰੀਜ਼ ਵੱਖਰਾ ਹੁੰਦਾ ਹੈ, ਇਸ ਲਈ ਕਈ ਵਾਰ ਗ੍ਰਾਫ਼ਟ ਇੱਥੇ ਦੱਸੀ ਹੋਈ ਥਾਂ ਦੇ ਮੁਕਾਬਲੇ ਕਿਸੇ ਵੱਖਰੀ ਥਾਂ 'ਤੇ ਕੀਤਾ ਜਾਵੇਗਾ। ਗ੍ਰਾਫ਼ਟ ਸਿੱਧੇ ਜਾਂ ਲੂਪ ਕੀਤੇ ਜਾ ਸਕਦੇ ਹਨ। ਤੁਹਾਡਾ ਸਰਜਨ ਇਹ ਫੈਸਲਾ ਕਰਦਾ ਹੈ।

ਫਿਸਟੁਲਾ ਦੇ ਉਲਟ, ਗ੍ਰਾਫ਼ਟ ਨੂੰ ਪੱਕਣ ਲਈ ਵਾਧੂ ਸਮੇਂ ਦੀ ਲੋੜ ਨਹੀਂ ਹੁੰਦੀ ਅਤੇ ਸਰਜਰੀ ਤੋਂ ਬਾਅਦ ਇਨ੍ਹਾਂ ਦੀ ਵਰਤੋਂ ਬਹੁਤ ਜਲਦੀ ਕੀਤੀ ਜਾ ਸਕਦੀ ਹੈ – ਅਕਸਰ ਦੋ ਤੋਂ ਤਿੰਨ ਹਫ਼ਤੇ ਦੇ ਅੰਦਰ-ਅੰਦਰ। ਯਕੀਨੀ ਬਣਾਓ ਕਿ ਟਾਂਕੇ ਅਤੇ/ਜਾਂ ਸਟੈਪਲਾਂ ਨੂੰ 10-14 ਦਿਨਾਂ ਵਾਸਤੇ ਬਰਕਰਾਰ ਰੱਖਿਆ ਜਾਂਦਾ ਹੈ। ਇਸ ਤੋਂ ਬਾਅਦ ਨਰਸ ਵਲੋਂ ਤੁਹਾਡੇ ***ਟਾਂਕੇ*** ਖੋਲ੍ਹ ਦਿੱਤੇ ਜਾਣਗੇ।

## ਨਾੜੀਆਂ ਰਾਹੀਂ ਪਹੁੰਚ ਦੀ ਦੇਖਭਾਲ ਕਰਨੀ
## Taking Care of your Vascular Access



# ਆਪਣੇ ਫਿਸਟੁਲਾ ਜਾਂ ਗ੍ਰਾਫ਼ਟ ਦੀ ਦੇਖਭਾਲ ਕਰੋ
# Care of your Fistula or Graft

**ਚਲੋ!**



ਦਿਨ ਵਿੱਚ ਘੱਟੋ-ਘੱਟ ਇੱਕ ਵਾਰੀ ਇਸ ਵਿੱਚ ਖ਼ੂਨ ਦੇ ਦਬਾਅ ਦੀ ਜਾਂਚ ਕਰੋ।

ਡਾਇਐਲਿਸਿਸ ਤੋਂ ਪਹਿਲਾਂ:

- ਆਪਣੇ ਹੱਥਾਂ ਅਤੇ ਆਪਣੀ ਨਾੜ ਵਾਲੀ ਪਹੁੰਚ ਨੂੰ ਕੋਸੇ ਪਾਣੀ ਅਤੇ ਐਂਟੀਬੈਕਟੀਰੀਅਲ ਸਾਬਣ ਨਾਲ ਧੋਵੋ।

ਡਾਇਐਲਿਸਿਸ ਤੋਂ ਬਾਅਦ:

- ਜਿਹੜੀਆਂ ਥਾਂਵਾਂ 'ਤੇ ਤੁਸੀਂ ਸੂਈਆਂ ਲਗਾਉਂਦੇ ਹੋ, ਦਸਤਾਨੇ ਪਹਿਨ ਕੇ ਉਨ੍ਹਾਂ ਨੂੰ 10-15 ਮਿੰਟਾਂ ਤਕ ਫੜੋ।
- ਪਹੁੰਚ ਵਾਲੀ ਬਾਂਹ ਦੇ ਚੁਫੇਰੇ ਟੇਪ ਲਗਾਉਣ ਤੋਂ ਪਰਹੇਜ਼ ਕਰੋ।
- ਆਪਣੇ ਡਾਇਐਲਿਸਿਸ ਟ੍ਰੀਟਮੈਂਟ ਤੋਂ 4-6 ਘੰਟੇ ਬਾਅਦ ਪੱਟੀ ਹਟਾ ਦਿਓ।
- ਡਾਇਐਲਿਸਿਸ ਤੋਂ ਬਾਅਦ ਜੇ ਤੁਹਾਡੇ ਫਿਸਟੁਲਾ ਜਾਂ ਗ੍ਰਾਫ਼ਟ ਵਿੱਚੋਂ ਖ਼ੂਨ ਨਿਕਲਣ ਲੱਗੇ ਤਾਂ ਉਸ ਉੱਪਰ ਦਬਾਅ ਪਾਓ। ਜੇ ਖ਼ੂਨ ਵਗਣਾ ਨਹੀਂ ਰੁਕਦਾ ਤਾਂ ਦਬਾਅ ਪਾਉਣਾ ਜਾਰੀ ਰੱਖੋ ਅਤੇ ਐਮਰਜੰਸੀ ਵਿਖੇ ਜਾਓ।

**ਸਾਵਧਾਨ!**



ਕਿਸੇ ਨੂੰ ਵੀ ਖ਼ੂਨ ਦਾ ਦਬਾਅ ਲੈਣ, ਆਈ.ਵੀ. ਲਗਾਉਣ, ਜਾਂ ਤੁਹਾਡੀ ਪਹੁੰਚ ਬਾਂਹ 'ਤੇ ਖ਼ੂਨ ਕੱਢਣ ਦੀ ਆਗਿਆ ਨਾ ਦਿਓ।

ਆਪਣੀ ਪਹੁੰਚ ਬਾਂਹ ਨੂੰ ਖੁਰਚਣ ਜਾਂ ਉਸ ਉੱਪਰਲੇ ਖਰਿੰਡ ਉਤਾਰਨ ਤੋਂ ਪਰਹੇਜ਼ ਕਰੋ। ਅਜਿਹੀਆਂ ਚੀਜ਼ਾਂ ਤੋਂ ਪਰਹੇਜ਼ ਕਰੋ ਜੋ ਖ਼ੂਨ ਦੇ ਪ੍ਰਵਾਹ ਨੂੰ ਘੱਟ ਕਰ ਸਕਦੀਆਂ ਹਨ ਜਾਂ ਤੁਹਾਡੀ ਪਹੁੰਚ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।

**ਰੁਕੋ!**



ਆਪਣੇ ਗੁਰਦਿਆਂ ਦੇ ਡਾਕਟਰ (ਨੈਫ਼ਰਾਲੋਜਿਸਟ) ਜਾਂ ਡਾਇਐਲਿਸਿਸ ਯੂਨਿਟ ਵਿਖੇ ਫੋਨ ਕਰੋ ਜੇ...

- ਤੁਹਾਨੂੰ ਖ਼ੂਨ ਦਾ ਕੋਈ ਦਬਾਅ ਮਹਿਸੂਸ ਨਹੀਂ ਹੁੰਦਾ।
- ਤੁਹਾਡੀ ਪਹੁੰਚ ਬਾਂਹ ਵਿੱਚ ਨਵੀਂ ਲਾਲੀ, ਨਿੱਘ, ਸੋਜ, ਜਾਂ ਦਰਦ ਜਾਂ ਤੁਹਾਡੀ ਪਹੁੰਚ ਤੋਂ ਰਿਸਾਵ ਹੁੰਦਾ ਹੈ।
- ਤੁਹਾਨੂੰ ਬੁਖ਼ਾਰ ਅਤੇ ਉੱਪਰ ਲਿਖੇ ਲੱਛਣਾਂ ਵਿੱਚੋਂ ਕਿਸੇ ਲੱਛਣ ਦਾ ਅਹਿਸਾਸ ਹੁੰਦਾ ਹੈ।


BCRenal
Provincial Health Services Authority

ਨਾੜ ਰਾਹੀਂ ਪਹੁੰਚ ਸੰਬੰਧੀ ਸਿਖਲਾਈ ਵਾਲੇ ਪਰਚਿਆਂ ਦੀ ਲੜੀ ਸਮੇਤ ਵਧੇਰੇ ਜਾਣਕਾਰੀ ਲਈ ਬੀ.ਸੀ. ਰੀਨਲ ਏਜੰਸੀ ਦੀ ਵੈੱਬਸਾਈਟ 'ਤੇ ਜਾਓ:

**BCRenal.ca**

Updated Fall 2012; reviewed and approved Fall 2015

## ਹੀਮੋਡਾਇਐਲਿਸਿਸ ਕੈਥੇਟਰ ਕੀ ਹੁੰਦਾ ਹੈ?
## What is a hemodialysis catheter?



***ਹੀਮੋਡਾਇਐਲਿਸਿਸ ਕੈਥੇਟਰ*** ਇੱਕ ਨਰਮ ਖੋਖਲੀ ਟਿਊਬ ਹੁੰਦੀ ਹੈ ਜਿਸ ਨੂੰ ਤੁਹਾਡੀ ਗਰਦਨ ਜਾਂ ਤੁਹਾਡੀ ਛਾਤੀ ਵਿੱਚ ਇੱਕ ਵੱਡੀ ਨਸ ਰਾਹੀਂ ਲਗਾਇਆ ਜਾਂਦਾ ਹੈ। ਕੈਥੇਟਰ ਦਾਖਲ ਕਰਨ ਲਈ, ਡਾਕਟਰ ਲੋਕਲ ਐਨਸਥੈਟਿਕ (ਥਾਂ ਨੂੰ ਸੁੰਨ ਕਰਨ ਵਾਲੀ ਦਵਾਈ) ਦੀ ਵਰਤੋਂ ਕਰਦਾ ਹੈ ਅਤੇ ਤੁਹਾਡੀ ਚਮੜੀ ’ਤੇ ਨਾੜ ਦੇ ਉੱਪਰ ਇੱਕ ਛੋਟਾ ਚੀਰਾ, ਜਾਂ ਰਾਹ ਬਣਾਉਂਦਾ ਹੈ। ਫਿਰ ਕੈਥੇਟਰ ਨੂੰ ਨਸ ਨਾਲ ਜੋੜ ਦਿੱਤਾ ਜਾਂਦਾ ਹੈ, ਅਤੇ ਡਾਕਟਰ ਕੈਥੇਟਰ ਨੂੰ ਟਾਂਕਿਆਂ ਨਾਲ ਤੁਹਾਡੀ ਚਮੜੀ ਨਾਲ ਜੋੜਦਾ ਹੈ, ਤਾਂ ਜੋ ਇਸ ਨੂੰ ਇਸ ਦੀ ਥਾਂ 'ਤੇ ਰੱਖਿਆ ਜਾ ਸਕੇ। ਕੈਥੇਟਰ ਦੀਆਂ ਦੋ ਛੋਟੀਆਂ ਬਾਹਾਂ ਛਾਤੀ ਦੇ ਬਾਹਰ ਰਹਿੰਦਿਆਂ ਹਨ।

ਕੈਥੇਟਰ ਦੀਆਂ ਬਾਹਰਲੀਆਂ ਬਾਹਾਂ (ਲਿਊਮੈਨਜ਼) ਡਾਇਐਲਿਸਿਸ ਦੀ ਟਿਊਬਿੰਗ ਨਾਲ ਜੁੜਦੀਆਂ ਹਨ - ਲਾਲ ਜੋ ਕਿ***ਧਮਣੀਆਂ*** ਦੀ ***ਖ਼ੂਨ ਦੀ ਲਾਈਨ*** ਜੋ ਖ਼ੂਨ ਨੂੰ ਬਾਹਰ ਲੈ ਕੇ ਆਉਂਦੀ ਹੈ ਅਤੇ ਨੀਲੇ ਰੰਗ ਵਾਲੀ ***ਨਾੜ ਦੀ ਲਹੂ ਲਾਈਨ*** ਜੋ ਸਾਫ ਖ਼ੂਨ ਨੂੰ ਤੁਹਾਡੇ ਸਰੀਰ ਅੰਦਰ ਵਾਪਸ ਲੈ ਕੇ ਆਉਂਦੀ ਹੈ।

ਲਗਭਗ 6-8 ਹਫਤਿਆਂ ਬਾਅਦ ਤੁਹਾਡੀ ਚਮੜੀ ਕੈਥੇਟਰ ਦੇ ਆਲੇ-ਦੁਆਲੇ ਉਸ ਥਾਂ ’ਤੇ ਵਧੇਗੀ ਜਿੱਥੇ ਇਨ੍ਹਾਂ ਨਲੀਆਂ ਦੇ ***ਬਾਹਰ ਨਿਕਲਣ ਵਾਲੀ ਥਾਂ*** ਹੈ ਅਤੇ ਉਦੋਂ ਨਰਸ ਦੁਆਰਾ ਟਾਂਕੇ ਹਟਾਏ ਜਾ ਸਕਦੇ ਹਨ।

### ਮੈਂ ਆਪਣੇ ਕੈਥੇਟਰ ਨੂੰ ਸਿਹਤਮੰਦ ਕਿਵੇਂ ਰੱਖਾਂ?
## How do I keep my catheter healthy?

1. ਕੈਥੇਟਰ ਦੀ ਪੱਟੀ ਨੂੰ ਸੁੱਕਾ ਰੱਖੋ। ਇਸ਼ਨਾਨ ਕਰਨ ਲਈ, ਸ਼ਾਵਰ ਲੈਣ ਦੀ ਥਾਂ ਸਪੰਜ ਬਾਥ ਲਓ (ਗਿੱਲਾ ਤੌਲੀਆ ਸਰੀਰ ਉੱਪਰ ਫੇਰਨਾ) ਜੇ ਤੁਹਾਡੀ ਪੱਟੀ ਗਿੱਲੀ ਹੋ ਜਾਵੇ ਤਾਂ ਗਿੱਲੀ ਪੱਟੀ ਹਟਾਓ ਅਤੇ ਨਵੀਂ ਪੱਟੀ ਕਰੋ। ਪੱਟੀ ਵਾਲੀ ਥਾਂ ਨੂੰ ਗਰਮ ਪਾਣੀ ਵਿੱਚ ਨਾ ਡੁਬਾਓ ਅਤੇ ਸਵੀਮਿੰਗ ਕਰਨ ਨਾ ਜਾਓ।

2. ਇਨਫੈਕਸ਼ਨ ਦੇ ਕਿਸੇ ਵੀ ਚਿੰਨ੍ਹ ਵਾਸਤੇ ਆਪਣੇ ਕੈਥੇਟਰ ਤੋਂ ਬਾਹਰ ਨਿਕਲਣ ਵਾਲੀ ਸਾਈਟ ਦੀ ਜਾਂਚ ਕਰੋ। ਜੇ ਤੁਹਾਨੂੰ ਕੋਈ ਲਾਲੀ, ਦਰਦ, ਸੋਜ ਜਾਂ ਰਿਸਾਵ ਹੁੰਦਾ ਨਜ਼ਰ ਆਉਂਦਾ ਹੈ ਜਾਂ ਜੇ ਤੁਹਾਨੂੰ ਬੁਖਾਰ ਜਾਂ ਕਾਂਬਾ ਹੈ ਤਾਂ ਸਿੱਧਾ ਆਪਣੇ ਨੇੜਲੇ ਹਸਪਤਾਲ ਦੇ ਐਮਰਜੰਸੀ ਵਿਭਾਗ ਵਿਖੇ ਜਾਓ।

3. ਕੈਥੇਟਰ ਨੂੰ ਉਸ ਦੀ ਥਾਂ ’ਤੇ ਰੱਖਣ ਵਾਲੇ ਟਾਂਕੇ ਨਾ ਹਟਾਓ। ਜੇ ਤੁਹਾਨੂੰ ਲੱਗਦਾ ਹੈ ਕਿ ***ਟਾਂਕੇ*** ਕਮਜ਼ੋਰ ਹੋ ਰਹੇ ਹਨ ਤਾਂ ਆਪਣੀ ਨਰਸ ਨਾਲ ਸੰਪਰਕ ਕਰੋ, ਟੇਪ ਲਗਾ ਕੇ ਕੈਥੇਟਰ ਨੂੰ ਉਸ ਦੀ ਜਗ੍ਹਾ ’ਤੇ ਰੱਖੋ ਅਤੇ ਆਪਣੇ ਨੇੜਲੇ ਹਸਪਤਾਲ ਵਿਖੇ ਜਾਓ। ਜੇ ਤੁਹਾਡਾ ਕੈਥੇਟਰ ਉੱਖੜ ਕੇ ਡਿੱਗ ਜਾਵੇ ਤਾਂ ਇੱਕ ਸਾਫ਼ ਪੱਟੀ ਨਾਲ ਉਸ ਉੱਪਰ ਦਬਾਅ ਪਾਓ, 911 ’ਤੇ ਫੋਨ ਕਰੋ ਜਾਂ ਆਪਣੇ ਨੇੜਲੇ ਹਸਪਤਾਲ ਦੇ ਐਮਰਜੰਸੀ ਵਿਭਾਗ ਵਿਖੇ ਜਾਓ।

4. ਹੀਮੋਡਾਇਐਲਿਸਿਸ ਤੋਂ ਇਲਾਵਾ ਕਦੇ ਵੀ ਤੁਹਾਡਾ ਕੈਥੇਟਰ ਹੋਰ ਕਿਸੇ ਕੰਮ ਵਾਸਤੇ ਇਸਤੇਮਾਲ ਨਹੀਂ ਕੀਤਾ ਜਾਣਾ ਚਾਹੀਦਾ।

5. ਸਿਖਲਾਈ ਪ੍ਰਾਪਤ ਡਾਇਐਲਿਸਿਸ ਨਰਸ ਤੋਂ ਇਲਾਵਾ ਕਿਸੇ ਹੋਰ ਸਿਹਤ ਪੇਸ਼ੇਵਰ ਨੂੰ ਇਸ ਲਾਈਨ ਤਕ ਪਹੁੰਚ ਕਰਨ ਦੀ ਇਜਾਜ਼ਤ ਨਾ ਦਿਓ।

6. ਕੈਥੇਟਰ ਦੇ ਬਾਹਰਲੀਆਂ ਨਲੀਆਂ ਉੱਪਰ ਖਿੱਚ ਪਾਉਣ ਤੋਂ ਪਰਹੇਜ਼ ਕਰੋ ਕਿਉਂਕਿ ਇਸ ਨਾਲ ਚਮੜੀ ਉੱਪਰ ਬੇਅਰਾਮੀ ਅਤੇ ਇਨਫੈਕਸ਼ਨ ਹੋਣ ਦੇ ਆਸਾਰ ਹੁੰਦੇ ਹਨ। ਪੱਟੀ ਬੰਨ੍ਹਣ ਨਾਲ ਕੈਥੇਟਰ ਉੱਪਰ ਬੇਧਿਆਨੇ ਖਿੱਚ ਪੈਣ ਤੋਂ ਬਚਾਅ ਰਹੇਗਾ।

7. ਜਦੋਂ ਤੁਹਾਨੂੰ ਆਪਣੇ ਹੀਮੋਡਾਇਐਲਿਸਿਸ ਕੈਥੇਟਰ ਦੀ ਲੋੜ ਨਹੀਂ ਰਹੇਗੀ ਉਦੋਂ ਡਾਕਟਰ ਵੱਲੋਂ ਇਸ ਨੂੰ ਹਟਾ ਦਿੱਤਾ ਜਾਵੇਗਾ। ਫਿਰ ਇੱਕ ਪੱਟੀ ਕੀਤੀ ਜਾਵੇਗੀ ਜਿਸ ਨੂੰ 48 ਘੰਟੇ ਤਕ ਬੰਨ੍ਹ ਕੇ ਰੱਖਣਾ ਚਾਹੀਦਾ ਹੈ ਤਾਂ ਕਿ ਤਹਾਡੀ ਚਮੜੀ ਵਿੱਚ ਹੋਇਆ ਛੇਕ ਭਰਿਆ ਜਾ ਸਕੇ।

## ਮੈਨੂੰ ਆਪਣੀ ਹੋਮ ਡਾਇਐਲਿਸਿਸ ਟੀਮ ਨੂੰ ਕਦੋਂ ਫੋਨ ਕਰਨਾ ਚਾਹੀਦਾ ਹੈ? When should I call my home dialysis team?

- ਕੈਥੇਟਰ ਦੇ ਨਾਲ ਕੋਈ ਲਾਲੀ, ਗਰਮਾਇਸ਼ ਜਾਂ ਦਰਦ ਹੁੰਦਾ ਹੈ।
- ਤੁਹਾਡੀ ਨਿਕਾਸੀ ਵਾਲੀ ਥਾਂ ਤੋਂ ਕੋਈ ਵੀ ਰਿਸਾਵ ਜਾਂ ਨਿਕਾਸ ਹੁੰਦਾ ਹੈ।
- ਤੁਹਾਡੇ ਕੈਥੇਟਰ ਜਾਂ ਗਰਦਨ ਦੇ ਆਸ-ਪਾਸ ਸੋਜਿਸ਼ ਜਾਂ ਖਾਰਿਸ਼ ਹੁੰਦੀ ਹੈ।
- ਤੁਹਾਨੂੰ ਬੁਖਾਰ ਵਰਗਾ ਅਹਿਸਾਸ ਹੁੰਦਾ ਹੈ ਅਤੇ ਤੁਹਾਨੂੰ ਉੱਪਰ ਲਿਖਿਆਂ ਵਿੱਚੋਂ ਕੋਈ ਲੱਛਣ ਹੁੰਦੇ ਹਨ।
- ਤੁਸੀਂ ਦੇਖਦੇ ਹੋ ਕਿ ਤੁਹਾਡੀ ਚਮੜੀ ਤੋਂ ਬਾਹਰ ਤੁਹਾਡੇ ਕੈਥੇਟਰ ਦਾ ਭਾਗ ਵਧੇਰੇ ਲੰਬਾ ਹੁੰਦਾ ਜਾ ਰਿਹਾ।
- ਤੁਹਾਡਾ ਕੈਥੇਟਰ ਗਲਤੀ ਨਾਲ ਖਿੱਚਿਆ ਜਾਂਦਾ ਹੈ ਅਤੇ ਇਸ ਦੇ ਨਿਕਾਸ ਵਾਲੀ ਥਾਂ ਦੇ ਆਲੇ-ਦੁਆਲੇ ਖ਼ੂਨ ਵਗ ਰਿਹਾ ਹੈ।

# ਨੋਟਸ - ਨਾੜ ਰਾਹੀਂ ਤੁਹਾਡੀ ਪਹੁੰਚ
# Notes- Your Vascular Access